CAREERINDIA

SET – 3

**Series : GBM/C**

ਕੋਡ ਨੰ. **226/3**

ਰੋਲ ਨੰਬਰ

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **8** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **30** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **8** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **30** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

www.careerindia

# ਅਰਥਸ਼ਾਸਤ੍ਰ

## (ਪੰਜਾਬੀ ਉਲਥਾ)

# ECONOMICS

## (Punjabi Version)

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 100*

*Time allowed : 3 hours* — *Maximum Marks : 100*

***ਵਿਆਪਕ ਨਿਰਦੇਸ਼ :***

*(i)* *ਦੋਹਾਂ ਖੰਡਾਂ ਦੇ **ਸਾਰੇ** ਪ੍ਰਸ਼ਨ ਜ਼ਰੂਰੀ ਹਨ ।*

*(ii)* *ਹਰ ਇਕ ਪ੍ਰਸ਼ਨ ਦੇ ਨਿਰਧਾਰਿਤ ਅੰਕ ਉਸਦੇ ਸਾਹਮਣੇ ਦਿੱਤੇ ਗਏ ਹਨ ।*

CAREERINDIA

(iii) *ਪ੍ਰਸ਼ਨ ਸੰਖਿਆ* ***1*** *ਤੋਂ* ***5*** *ਅਤੇ* ***16*** *ਤੋਂ* ***20*** *ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦਾ* ***1*** *ਅੰਕ ਹੈ । ਇਨ੍ਹਾਂ ਚੋਂ ਹਰ ਪ੍ਰਸ਼ਨ ਦਾ ਉੱਤਰ ਕੇਵਲ ਇਕ ਵਾਕ ਵਿਚ ਦਿਓ ।*

(iv) *ਪ੍ਰਸ਼ਨ ਸੰਖਿਆ* ***6*** *ਤੋਂ* ***8*** *ਅਤੇ* ***21*** *ਤੋਂ* ***23*** *ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***3*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮ ਤੋਰ ਤੇ* ***60*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ਹੈ ।*

(v) *ਪ੍ਰਸ਼ਨ ਸੰਖਿਆ* ***9*** *ਤੋਂ* ***11*** *ਅਤੇ* ***24*** *ਤੋਂ* ***26*** *ਵੀ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***4*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮ ਤੋਰ ਤੇ* ***70*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

(vi) *ਪ੍ਰਸ਼ਨ ਸੰਖਿਆ* ***12*** *ਤੋਂ* ***15*** *ਅਤੇ* ***27*** *ਤੋਂ* ***30*** *ਵਿਆਖਿਆਤਮਕ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***6*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮ ਤੋਰ ਤੇ* ***100*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ਹੈ।*

(vii) *ਉੱਤਰ ਸੰਖੇਪ ਅਤੇ ਢੁਕਵੇਂ ਹੋਣੇ ਚਾਹੀਦੇ ਹਨ ਅਤੇ ਕੋਸ਼ਿਸ਼ ਕਰੋ ਕਿ ਦਿੱਤੀ ਹੋਈ ਸੀਮਾ ਵਿੱਚ ਹੀ ਦਿੱਤੇ ਜਾਣ ।*

## ਖੰਡ – ਅ

## (SECTION – A)

1. ਘਟੋ ਘਟ ਨਿਰਧਾਰਤ ਕੀਮਤ ਦੇ ਕੀ ਅਰਥ ਹਨ ? **1**

2. ਕਿਸੇ ਵਸਤੂ ਨੂੰ ਸਧਾਰਨ (ਨਾਰਮਲ) ਵਸਤੂ ਕਦੋਂ ਮੰਨਿਆ ਜਾਂਦਾ ਹੈ ? **1**

3. ਜੇਕਰ ਕੁਲ ਸੰਪ੍ਰਾਪਤੀ (ਆਗਮ) TR, ਉਤਪਾਦਨ ਮਾਤਰਾ Q ਅਤੇ ਇਕਾਈਆਂ ਦੀ ਮਾਤਰਾ 'n' ਹੋਣ ਤਾਂ ਸੀਮਾਂਤ ਸੰਪ੍ਰਾਪਤੀ ਇਹ ਹੋਵੇਗੀ : (ਸਹੀ ਵਿਕਲਪ ਚੁਣੋ)

   (A) ਕੇਵਲ $TR_n - TR_{n-1}$

   (B) ਕੇਵਲ $\dfrac{\text{TR ਵਿਚ ਪਰਿਵਰਤਨ}}{\text{Q ਵਿਚ ਪਰਿਵਰਤਨ}}$

   (C) (A) ਅਤੇ (B) ਦੋਨੋਂ

   (D) ਉਪਰਲਿਆਂ ਵਿਚੋਂ ਕੋਈ ਨਹੀਂ । **1**

www.careerindia.com

CAREERINDIA

4. ਅਲਪ ਕਾਲਿਕ (ਥੋੜ੍ਹੇ ਸਮੇਂ ਦਾ) ਉਤਪਾਦਨ ਫ਼ਲਨ ਦੀ ਪਰਿਭਾਸ਼ਾ ਲਿਖੋ । **1**

5. ਇਸ ਵਿਚ ਖਰੀਦਾਰ (Buyers) ਅਤੇ ਵਿਕਰੇਤਾਵਾਂ ਦੀ ਵੱਡੀ ਸੰਖਿਆ ਹੁੰਦੀ ਹੈ : (ਸਹੀ ਵਿਕਲਪ ਚੁਣੋ) **1**

   (A) ਸਿਰਫ ਪੂਰਨ ਪ੍ਰਤਿਯੋਗਤਾ ਵਿਚ

   (B) ਕੇਵਲ ਏਕਾਧਿਕਾਰਾਤਮਕ ਪ੍ਰਤੀਯੋਗਿਤਾ ਵਿਚ

   (C) (A) ਅਤੇ (B) ਦੋਨੋ ਵਿਚ

   (D) ਅਲਪਧਿਕਾਰ ਵਿਚ

6. ਕੇਂਦਰੀ ਸਮਸਿਆ "ਕਿਸ ਦੇ ਲਈ ਉਤਪਾਦਨ ਕੀਤਾ ਜਾਏ" ਸਮਝਾਓ । **3**

**ਜਾਂ**

ਕੇਂਦਰੀ ਸਮਸਿਆ "ਕਿਵੇਂ ਉਤਪਾਦਨ ਕੀਤਾ ਜਾਏ" ਸਮਝਾਓ ।

7. ਇਕ ਪ੍ਰਤਿਨਿਧਿਕ ਉਤਪਾਦਨ ਸੰਭਾਵਨਾ ਵਕਰ ਅਵਤਲ (concave) ਕਿਉਂ ਹੁੰਦਾ ਹੈ ? ਸਮਝਾਓ । **3**

8. ਜਦੋਂ ਇਕ ਵਸਤੂ ਦੀ ਕੀਮਤ 4 ਰੁ: ਤੋਂ ਡਿਗ ਕੇ 3 ਰੁ: ਪ੍ਰਤੀ ਇਕਾਈ ਹੋ ਜਾਂਦੀ ਮੰਗ 20 ਇਕਾਈ ਤੋਂ ਵਧ ਕੇ 30 ਇਕਾਈ ਹੋ ਜਾਂਦੀ ਹੈ । ਇਸਦੀ ਮੰਗ ਦੀ ਕੀਮਤ ਲੋਚ ਦਾ ਲੇਖਾ ਜੋਖਾ ਕਰੋ । **3**

9. ਇਕ ਵਸਤੂ ਦੀ ਪੂਰਤੀ ਨੂੰ ਪਰਭਾਵਤ ਕਰਨ ਵਾਲੇ ਕਿਸੇ ਚਾਰ ਕਾਰਕਾਂ ਦੀ ਵਿਆਖਿਆ ਕਰੋ । **4**

www.careerindia.com

10. "ਸੀਮਾਂਤ ਲਾਗਤ ਅਤੇ ਸੀਮਾਂਤ ਆਗਮ (ਸੰਪ੍ਰਾਪਤੀ)" ਵਿਧੀ ਰਾਹੀਂ ਉਤਪਾਦਨ ਦਾ ਸੰਤੁਲਨ ਸਤਰ ਦੱਸੋ । ਆਪਣੇ ਉਤਰ ਦੇ ਲਈ ਕਾਰਨ ਲਿੱਖੋ : **4**

| ਕੀਮਤ (₹) | ਉਤਪਾਦਨ (ਇਕਾਈ) | ਕੁਲ ਲਾਗਤ (₹) | ਸੀਮਾਂਤ ਲਾਗਤ |
|---|---|---|---|
| 6 | 1 | 10 | 10 |
| 6 | 2 | 15 | 5 |
| 6 | 3 | 21 | 6 |
| 6 | 4 | 28 | 7 |
| 6 | 5 | 37 | 9 |

**ਜਾਂ**

ਪਰਿਵਰਤੀ ਅਨੁਪਾਤਾਂ ਦੇ ਨਿਯਮ ਦੇ ਤਿੰਨ ਪੜਾਵਾਂ (ਚਰਨਾਂ) ਦੀ ਪਛਾਣ ਕਰੋ । ਕਾਰਨ ਵੀ ਲਿੱਖੋ ।

| ਪਰਿਵਰਤੀ ਲਾਗਤ (ਇਕਾਈ) | ਕੁਲ ਉਤਪਾਦ (ਇਕਾਈ) |
|---|---|
| 1 | 3 |
| 2 | 7 |
| 3 | 10 |
| 4 | 12 |
| 5 | 11 |

11. ਇਕ ਪੂਰਨ ਪ੍ਰਤਿਯੋਗੀ ਬਜ਼ਾਰ ਦੀ "ਸਮਰੂਪ ਉਤਪਾਦ" ਵਿਸ਼ੇਸ਼ਤਾ ਦੇ ਨਤੀਜੇ ਸਮਝਾਓ । **4**

www.careerindia.com

CAREERINDIA

12. ਸੰਤੁਲਨ ਬਜ਼ਾਰ ਮਜ਼ਦੂਰੀ ਦਰ 14,000 ਰੁ: ਪ੍ਰਤੀ ਮਹੀਨਾ ਹੈ । ਇਸ ਨੂੰ ਘਟ ਸਮਝ ਦੇ ਸਰਕਾਰ ਘਟੋ ਘਟ ਮਜਦੂਰੀ ਦਾ ਨਿਰਧਾਰਨ 18,000 ਰੁ: ਪ੍ਰਤੀ ਮਹੀਨਾ ਕਰ ਦੇਂਦੀ ਹੈ । ਇਸ ਫੈਸਲੇ ਦੇ ਨਤੀਜਿਆਂ ਦੀ ਵਿਆਖਿਆਂ ਕਰੋ । ਰੇਖਾ ਚਿੱਤਰ ਦੀ ਵਰਤੋਂ ਕਰੋ । **6**

**ਨੋਟ : ਹੇਠ ਲਿਖਿਆ ਪ੍ਰਸ਼ਨ ਕੇਵਲ ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ ਦੇ ਲਈ ਪ੍ਰਸ਼ਨ ਸੰਖਿਆ 12 ਦੇ ਥਾਂ ਬਦਲਵਾਂ ਪ੍ਰਸ਼ਨ ਹੈ ।**

ਘਟੋ ਘਟ ਮਜਦੂਰੀ ਦਰ ਦੇ ਸੰਤੁਲਨ ਬਜ਼ਾਰ ਮਜ਼ਦੂਰੀ ਦਰ ਤੋਂ ਜ਼ਿਆਦਾ ਨਿਰਧਾਰਤ ਕਰਨ ਦੇ ਨਤੀਜਿਆਂ ਦੀ ਵਿਆਖਿਆਂ ਕਰੋ । ਇਕ ਸੰਖਿਆਤਮਕ ਉਦਾਹਰਣ ਦੀ ਵਰਤੋਂ ਕਰੋ । **6**

13. ਇਕ ਉਪਭੋਗਤਾ ਸਿਰਫ ਦੋ ਵਸਤੂਆਂ X ਅਤੇ Y ਦਾ ਉਪਭੋਗ ਕਰਦਾ ਹੈ । ਉਪਯੋਗਿਤਾ ਵਿਸ਼ਲੇਸ਼ਣ ਦੇ ਰਾਹੀਂ ਉਪਭੋਗਤਾ ਸੰਤੁਲਨ ਦੀਆਂ ਸ਼ਰਤਾਂ ਸਮਝਾਓ । **6**

14. ਇਕ ਵਿਅਕਤੀ ਮਾਲ ਪਰਿਵਹਨ (ਟਰਾਂਸਪੋਰਟ) ਦਾ ਕਾਰੋਬਾਰ ਸ਼ੁਰੂ ਕਰਦਾ ਹੈ । ਕੁਝ ਆਪਣੀ ਬਚਤ ਤੋਂ ਅਤੇ ਕੁਝ ਉਧਾਰ ਲੈ ਕੇ ਇਕ ਭਾਰ ਢੋਣ ਵਾਲੀ ਗੱਡੀ ਖਰੀਦਦਾ ਹੈ । ਗੱਡੀ ਉਹ ਆਪ ਚਲਾਂਦਾ ਹੈ । ਇਸ ਵਿਚ ਸਿਧੀਆਂ ਪਛਾਣੀਆਂ ਜਾਣ ਵਾਲੀਆਂ ਸਪਸ਼ਟ ਲਾਗਤਾਂ ਅਤੇ ਲੂਪਤ ਲਾਗਤਾਂ ਕਿਹੜੀਆਂ ਕਿਹੜੀਆਂ ਹਨ । ਆਪਣੇ ਉਤਰ ਦੇ ਲਈ ਕਾਰਨ ਲਿੱਖੋ । **6**

15. ਸਮਝਾਓ ਕਿਉਂ ਇਕ ਅਨਧਿਮਾਨ ਵਕਰ (a) ਖੱਬਿਓ ਸੱਜੇ ਹੇਠ ਵਲ ਨੂੰ ਢਲਵਾਂ ਅਤੇ (b) ਉੱਤਲ (convex) ਹੁੰਦਾ ਹੈ । **6**

**ਜਾਂ**

ਸੀਮਾਂਤ ਪ੍ਰਤਿਸਥਾਪਨ ਦਰ ਦੀ ਧਾਰਨਾ ਅਤੇ ਵਿਸ਼ੇਸ਼ ਅਨਧਿਮਾਨ ਵਕਰ ਉਪਰ ਇਸਦਾ ਰਵਈਆ ਸਮਝਾਓ । ਇਕ ਸੰਖਿਆਤਮਕ ਉਦਾਹਰਣ ਦਿਓ । ਇਸ ਦੇ ਰਵਈਏ ਦਾ ਕਾਰਨ ਵੀ ਲਿੱਖੋ ।

## ਖੰਡ – ਬ

## (SECTION – B)

16. ਭਾਰਤ ਵਿਚ ਸਥਿਤ ਇਕ ਭਾਰਤੀ ਕੰਪਨੀ ਵਿਦੇਸ਼ ਵਿਚ ਸਥਿਤ ਇਕ ਕੰਪਨੀ ਵਿਚ ਨਿਵੇਸ਼ ਕਰਦੀ ਹੈ । ਭਾਰਤ ਦੇ ਭੁਗਤਾਨ ਸੰਤੁਲਨ ਖਾਤੇ ਵਿਚ ਇਹ ਲੈਣ-ਦੇਣ ਦਰਜ ਕੀਤਾ ਜਾਂਦਾ ਹੈ : (ਸਹੀ ਵਿਕਲਪ ਚੁਣੋ) **1**

(A) ਚਾਲੂ ਖਾਤੇ ਦੇ ਕਰੇਡਿਟ (credit) ਪੱਖ ਵਿਚ

(B) ਚਾਲੂ ਖਾਤੇ ਦੇ ਡੇਬਿਟ (debit) ਪੱਖ ਵਿਚ

(C) ਪੂੰਜੀਗਤ ਖਾਤੇ ਦੇ ਕਰੇਡਿਟ (credit) ਪੱਖ ਵਿਚ

(D) ਪੂੰਜੀਗਤ ਖਾਤੇ ਦੇ ਡੇਬਿਟ (debit) ਪੱਖ ਵਿਚ

www.careerindia.com

CAREERINDIA

17. ਹੇਠ ਲਿਖੇ ਮਕਸਦ ਨਾਲ ਖਰੀਦੀਆਂ ਗਈਆਂ ਵਸਤੂਆਂ ਅੰਤਿਮ ਵਸਤੂਆਂ ਕਹਾਂਦੀਆਂ ਹਨ : (ਸਹੀ ਵਿਕਲਪ ਚੁਣੋ) **1**

(A) ਜ਼ਰੂਰਤਾਂ ਦੀ ਸੰਤੁਸ਼ਟੀ ਲਈ

(B) ਫਰਮ ਵਿਚ ਨਿਵੇਸ਼ ਦੇ ਲਈ

(C) (A) ਅਤੇ (B) ਦੋਨੋ

(D) ਉਪਰਲਿਆਂ ਵਿਚੋਂ ਕੋਈ ਨਹੀਂ

18. ਅਸਲ ਸਕਲ (ਕੁਲ) ਘਰੇਲੂ ਉਤਪਾਦ ਤੋਂ ਕੀ ਅਰਥ ਹੈ ? **1**

19. ਹੇਠ ਲਿਖਿਆਂ ਵਿੱਚੋਂ ਕਿਹੜਾ ਅਪਰਤੱਖ ਕਰ ਹੈ ? (ਸਹੀ ਵਿਕਲਪ ਚੁਣੋ) **1**

(A) ਲਾਭ ਕਰ

(B) ਸੰਪਤੀ ਕਰ

(C) ਸੀਮਾ ਸ਼ੁਲਕ (ਫੀਸ)

(D) ਉਪਹਾਰ (ਗਿਫਟ) ਕਰ

20. ਸਰਕਾਰੀ ਬਜਟ ਵਿਚ ਪੂੰਜੀਗਤ ਪ੍ਰਾਪਤੀਆਂ ਦੀ ਪਰਿਭਾਸ਼ਾ ਕਰੋ । **1**

21. ਕਾਰਨ ਦੇ ਕੇ ਲਿੱਖੋ ਕਿ ਹੇਠ ਲਿਖਿਆਂ ਦੇ ਨਾਲ ਰਾਸ਼ਟਰੀ ਆਮਦਨ ਮਾਪਦੇ ਸਮੇਂ ਕੀ ਵਿਹਾਰ ਕੀਤਾ ਜਾਂਦਾ ਹੈ ? **3**

(i) ਬੈਂਕ ਰਾਹੀਂ ਆਪਣੇ ਜਮਾਕਰਤਾਵਾਂ ਨੂੰ ਵਿਆਜ ਦਾ ਭੁਗਤਾਨ ।

(ii) ਸਰਕਾਰ ਰਾਹੀਂ ਬਿਰਧ ਅਵਸਥਾ ਪੈਂਸ਼ਨ ਉਪਰ ਖਰਚ ।

(iii) ਕਾਰ ਸਰਵਿਸ ਸਟੇਸ਼ਨ ਦੇ ਰਾਹੀਂ ਇੰਜਨ ਦੇ ਤੇਲ ਉਪਰ ਖਰਚ ।

22. ਸੀਮਾਂਤ ਉਪਭੋਗ ਪਰਵਿਰਤੀ ਅਤੇ ਸੀਮਾਂਤ ਬਚਤ ਪਰਵਿਰਤੀ ਵਿਚ ਕੀ ਅੰਤਰ ਹੁੰਦਾ ਹੈ ? ਇਨ੍ਹਾਂ ਦੋਹਾਂ ਵਿਚ ਕੀ ਸੰਬੰਧ ਹੁੰਦਾ ਹੈ ? **3**

**ਜਾਂ**

ਸਮਗਰ (ਕੁਲ) ਮੰਗ ਦੇ ਕੀ ਅਰਥ ਹਨ ? ਇਸ ਦੇ ਘਟਕ (ਭਾਗ) ਲਿੱਖੋ ।



www.careerindia.com

CAREERINDIA

23. 400 ਕਰੋੜ ਰੁ: ਦੇ ਵਾਧੂ ਨਿਵੇਸ਼ ਕਰਨ ਨਾਲ ਰਾਸ਼ਟਰੀ ਆਮਦਨ ਵਿਚ 2,000 ਕਰੋੜ ਰੁ: ਦਾ ਵਾਧਾ ਹੁੰਦਾ ਹੈ । ਨਿਵੇਸ਼ ਗੁਣਕ ਦਾ ਲੇਖਾ–ਜੋਖਾ ਕਰੋ । **3**

24. ਮੰਨ ਲਉ ਕਿ ਦੇਸ਼ ਵਿਚ ਸ਼ਰਾਬ ਦੀ ਵਰਤੋਂ ਤੇ ਮਨਾਹੀ (ਪ੍ਰਤੀਬੰਧ) ਕਰ ਦਿਤੀ ਗਈ ਹੈ । ਇਸਦੇ (ਕ) ਸਕਲ ਘਰੇਲੂ ਉਤਪਾਦ ਅਤੇ (ਖ) ਵੇਲਫੇਯਰ (ਕਲਿਆਣ) ਉਪਰ ਪੈਣ ਵਾਲੇ ਪ੍ਰਭਾਵਾਂ ਦੀ ਵਿਆਖਿਆ ਕਰੋ । **4**

**ਜਾਂ**

ਨਕਾਰਾਤਮਕ ਬਾਹਰਲੇ ਪ੍ਰਭਾਵਾਂ (ਰਿਣਾਤਮਕ ਉੱਪਰਲਾਪਣ) ਤੋਂ' ਲੋਕਾਂ ਦੇ ਹਿਤ (ਵੇਲਫੇਯਰ) ਉਪਰ ਕੀ ਪ੍ਰਭਾਵ ਪੈਂਦਾ ਹੈ ? ਇਕ ਉਦਾਹਰਣ ਦੇ ਕੇ ਵਿਆਖਿਆ ਕਰੋ ।

25. ਜੇਕਰ ਵਿਧੀ ਮੂਲਕ (ਕਨੂੰਨ ਅਨੁਸਾਰ) ਰਿਜ਼ਰਵ (ਰਾਖਵੀਂ) ਅਨੁਪਾਤ 10 ਪ੍ਰਤਿਸ਼ਤ ਹੋਵੇ ਅਤੇ ਨਵੀਆਂ ਜਮਾਵਾਂ 10,000 ਰੁ. ਹੋਣ ਤਾਂ ਵਪਾਰਕ ਬੈਂਕਾਂ ਰਾਹੀਂ ਜਮਾਂ ਸਿਰਜਣ ਦੀ ਪਰਕਿਰਿਆ ਸਮਝਾਓ । **4**

26. ਮੁਦਰਾ ਪੂਰਤੀ ਵਿਚ ਵਾਧਾ ਲਿਆਉਣ ਵਿਚ ਕਨੂੰਨੀ ਚਲਨਿਧੀ ਅਨੁਪਾਤ (ਵਿਧਾਨਕ ਤਰਲਤਾ ਅਨੁਪਾਤ) ਦੀ ਭੂਮਿਕਾ ਦੀ ਵਿਆਖਿਆਂ ਕਰੋ । **4**

27. ਸਥਿਰ (ਨੀਯਤ) ਵਿਨਿਮੇ ਦਰ ਅਤੇ ਲਚੀਲੀ ਵਿਨਿਮੇ ਦਰ ਦੇ ਦਰਮਿਆਨ ਅੰਤਰ ਸਪਸ਼ਟ ਕਰੋ । ਜੇਕਰ ਵਿਨਿਮੇ ਦਰ ਡਿਗਦੀ ਹੈ ਤਾਂ ਇਸਦੇ ਨਿਰਯਾਤ ਅਤੇ ਆਯਾਤ ਉਪਰ ਪੈਣ ਵਾਲੇ ਪ੍ਰਭਾਵਾਂ ਦੀ ਵਿਆਖਿਆਂ ਕਰੋ । **6**

28. 'ਬਚਤ ਅਤੇ ਨਿਵੇਸ਼' ਵਿਧੀ ਰਾਹੀਂ ਰਾਸ਼ਟਰੀ ਆਮਦਨ ਦੇ ਸੰਤੁਲਨ ਸਤਰ ਦਾ ਨਿਰਧਾਰਨ ਸਮਝਾਓ । ਰੇਖਾ ਚਿੱਤਰ ਦੀ ਵਰਤੋਂ ਕਰੋ । ਇਹ ਵੀ ਸਮਝਾਓ ਕਿ ਜੇਕਰ ਬਚਤ ਨਿਵੇਸ਼ ਨਾਲੋਂ ਜ਼ਿਆਦਾ ਹੋਵੇ ਤਾਂ ਕੀ ਪ੍ਰਭਾਵ ਪੈਣਗੇ ? **6**

**ਨੋਟ : ਹੇਠ ਲਿਖਿਆ ਪ੍ਰਸ਼ਨ ਕੇਵਲ ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ ਦੇ ਲਈ ਪ੍ਰਸ਼ਨ ਸੰਖਿਆ 28 ਦੇ ਥਾਂ ਬਦਲਵਾਂ ਪ੍ਰਸ਼ਨ ਹੈ :**

ਸਮਗਰ (ਕੁਲ) ਮੰਗ ਅਤੇ ਸਮਗਰ ਪੂਰਤੀ ਵਿਧੀ ਨਾਲ ਰਾਸ਼ਟਰੀ ਆਮਦਨ ਦਾ ਸੰਤੁਲਨ ਸਤਰ ਨਿਰਧਾਰਨ ਕਰਨ ਦੀ ਬਚਤ ਅਤੇ ਨਿਵੇਸ਼ ਵਿਧੀ ਪ੍ਰਾਪਤ ਕਰੋ । ਸਮਝਾਓ ਕਿ ਕੀ ਹੋਵੇਗਾ ਜੇ ਕਰ ਬਚਤ ਨਿਵੇਸ਼ ਤੋਂ ਜਿਆਦਾ ਹੋਵੇ । **6**

www.careerindia.com

CAREERINDIA

29. ਸਰਕਾਰ ਗਰੀਬੀ ਰੇਖਾ ਤੋਂ ਹੇਠ ਦੇ ਪਰਿਵਾਰਾਂ ਨੂੰ ਅਨਾਜ ਦੀਆਂ ਲੋੜੀਂਦੀਆਂ ਵਸਤੂਆਂ ਲਗਭਗ ਮੁਫਤ ਵੰਡਦੀ ਹੈ । ਸਰਕਾਰੀ ਬਜਟ ਰਾਹੀਂ ਸਰਕਾਰ ਕਿਹੜਾ ਉਦੇਸ਼ ਪੂਰਾ ਕਰਨ ਦਾ ਯਤਨ ਕਰ ਰਹੀ ਹੈ ਅਤੇ ਕਿਵੇਂ ? ਸਮਝਾਓ । **6**

**ਜਾਂ**

ਸਮਝਾਓ ਕਿ ਸਰਕਾਰੀ ਬਜਟ ਰਾਹੀਂ ਆਰਥਕ ਸਥਿਰੀਕਰਣ ਦਾ ਉਦੇਸ਼ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ ।

30. ਬਜਾਰ ਕੀਮਤ ਉਪਰ (a) ਨਿਵਲ ਘਰੇਲੂ (ਦੇਸ਼ੀਅ) ਉਤਪਾਦ ਅਤੇ (b) ਸਕਲ ਰਾਸ਼ਟਰੀ ਪ੍ਰਯੋਜੇ ਆਮਦਨ ਦਾ ਲੇਖਾ ਕਰੋ : **6**

| | | **(ਕਰੋੜ ਰੁ.)** |
|---|---|---|
| (i) | ਵਿਦੇਸ਼ਾਂ ਨੂੰ ਨਿਵਲ ਕਾਰਕ ਆਮਦਨ | (–) 20 |
| (ii) | ਅਪਰਤੱਖ ਕਰ | 120 |
| (iii) | ਅਚਲ ਪੂੰਜੀ ਦਾ ਉਪਭੋਗ | 70 |
| (iv) | ਵਿਦੇਸ਼ਾਂ ਨੂੰ ਨਿਵਲ ਚਾਲੂ ਹਸਤਾਂਤਰਣ | 10 |
| (v) | ਕਰਮਚਾਰੀਆਂ ਦਾ ਮਿਹਨਤਾਨਾ | 800 |
| (vi) | ਸਵੈ ਨਿਜੁਕਤਾਂ (self-employed) ਦੀ ਮਿਸ਼ਰਤ ਆਮਦਨ | 400 |
| (vii) | ਆਰਥਿਰ ਸਹਾਇਤਾ | 20 |
| (viii) | ਕਿਰਾਇਆ | 100 |
| (ix) | ਵਿਆਜ | 200 |
| (x) | ਲਾਭ | 300 |

www.careerindia.com